20_May_jalandhar--7-8-9-10-11.qxd 5/21/2017 12:31 AM Page 4

ਵਾਰਡ ਨੰ: 18

ਅਨੇਕਾਂ ਸਮੱਸਿਆਵਾਂ ਨਾਲ ਜੂਝ ਰਹੇ ਨੇ ਲੋਕ

ਮਹਾਂਵੀਰ ਮੰਦਿਰ 'ਚ ਫੈਲੀ ਗੰਦਗੀ (ਸੱਜੇ) ਮਹਾਂਵੀਰ ਮੰਦਿਰ ਦੇ ਨੇੜੇ ਗ਼ਾਰ ਨਾਲ ਭਰੀ ਨਾਲੀ।

ਭਾਜਪਾ ਕੌਂਸਲਰ ਸੁਮਨ ਸਹਿਗਲ

ਸ੍ਰੀਮਤੀ ਰੀਟਾ ਸ਼ਰਮਾ

ਗਗਨ ਦੀਪ ਸਿੰਘ

ਟਿੰਕੂ ਸੋਨੀ

ਮਹਿੰਦਰ

ਸੁਸ਼ੀਲ

ਜਲੰਧਰ, 20 ਮਈ (ਮਦਨ ਭਾਰਦਵਾਜ)-ਨਗਰ ਨਿਗਮ ਦਾ ਵਾਰਡ ਨੰ: 18 ਸ਼ਹਿਰ ਦੀ ਪੁਰਾਣੀ ਆਬਾਦੀ ਨਾਲ ਜੁੜਿਆ ਹੋਇਆ ਹੈ ਤੇ ਇਸ ਵਾਰਡ ਵਿਚ 5200 ਵੋਟਰ ਹਨ ਅਤੇ ਇਸ ਵਾਰਡ 'ਤੇ ਅਕਾਲੀ ਦਲ-ਭਾਜਪਾ ਗੱਠਜੋੜ ਦਾ ਕਬਜ਼ਾ ਹੈ ਅਤੇ ਇਸ ਵਾਰਡ ਤੋਂ 2012 ਦੀਆਂ ਚੋਣਾਂ 'ਚ ਸ੍ਰੀਮਤੀ ਸੁਮਨ ਸਹਿਗਲ ਜੇਤੂ ਰਹੇ ਸਨ ਤੇ ਉਨ੍ਹਾਂ ਨੇ ਆਪਣੀ ਵਿਰੋਧੀ ਗੀਟਾ ਸ਼ਰਮਾ ਨੂੰ 11 ਵੋਟਾਂ ਨਾਲ ਹਰਾਇਆ ਸੀ। ਸ੍ਰੀਮਤੀ ਸੁਮਨ ਸਹਿਗਲ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਆਪਣੇ ਵਾਰਡ ਵਿਚ ਪਿਛਲੇ ਸਾਢੇ 5 ਸਾਲਾਂ ਦੌਰਾਨ ਲਗਭਗ 3 ਕਰੋੜ ਰੁਪਏ ਦੇ ਵਿਕਾਸ ਕੰਮ ਕਰਾਏ ਹਨ ਤੇ ਕੁੱਝ ਦੇ ਵਰਕ ਆਰਡਰ ਹੋ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਵਾਰਡ ਵਿਚ 2 ਨਵੇਂ ਟਿਊਬਵੈੱਲ ਲਗਾ ਕੇ ਪੀਣ ਦੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਹੈ। ਉਨ੍ਹਾਂ ਕਿਹਾ ਕਿ ਐੱਸ ਡੀ ਸਕੂਲ ਦੇ ਨੇੜੇ ਮੇਨ ਹੋਲ ਬਣ ਰਿਹਾ ਹੈ ਜਿਸ ਨਾਲ ਸੀਵਰੇਜ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ।

ਦੂਜੇ ਪਾਸੇ 2012 ਦੀ ਚੋਣ 'ਚ ਕਾਂਗਰਸ ਦੀ ਹਾਰੀ ਉਮੀਦਵਾਰ ਸ੍ਰੀਮਤੀ ਗੀਟਾ ਸ਼ਰਮਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਸੁਮਨ ਸਹਿਗਲ ਨਾਲ ਜ਼ਬਰਦਸਤ ਮੁਕਾਬਲਾ ਕੀਤਾ ਸੀ ਤੇ ਚੋਣ ਨਤੀਜੇ ਦੌਰਾਨ ਉਨ੍ਹਾਂ ਨਾਲ ਧੱਕਾ ਹੋਇਆ ਅਤੇ ਉਹ ਕੇਵਲ 11 ਵੋਟਾਂ ਨਾਲ ਚੋਣ ਹਾਰੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਇਹ ਵਾਰਡ ਸ਼ਹਿਰ ਦੀ ਪੁਰਾਣੀ ਆਬਾਦੀ ਨਾਲ ਜੁੜਿਆ ਹੋਇਆ ਹੈ ਤੇ ਇੱਥੇ ਅਕਸਰ ਸੀਵਰੇਜ ਦੀ ਸਮੱਸਿਆ ਰਹਿੰਦੀ ਹੈ ਤੇ ਉਹ ਇਸ

> ਵਾਰਡ ਕੌਂਸਲਰ ਵੱਲੋਂ ਸਾਢੇ 4 ਸਾਲ 'ਚ ਕਰੋੜਾਂ ਦੇ ਵਿਕਾਸ ਕੰਮਾਂ ਦੇ ਦਾਅਵੇ

ਸਮੱਸਿਆ ਨੂੰ ਚੋਣ ਹਾਰਨ ਦੇ ਬਾਵਜੂਦ ਹੱਲ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਅਜੇ ਵੀ ਇਹ ਵਾਰਡ ਪਛੜਿਆ ਹੋਇਆ ਹੈ ਅਤੇ ਮੌਜੂਦ ਕੌਂਸਲਰ ਸੱਤਾਧਾਰੀ ਪਾਰਟੀ ਨਾਲ ਹੁੰਦੇ ਹੋਏ ਵੀ ਲੁੜੀਂਦੇ ਵਿਕਾਸ ਕੰਮ ਕਰਾਉਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ ਹਨ।

ਇਸ ਦੌਰਾਨ ਵਾਰਡ 'ਚ ਰਹਿੰਦੇ ਗਗਨਦੀਪ ਸਿੰਘ ਦਾ ਕਹਿਣਾ ਹੈ ਕਿ ਸੁਮਨ ਸਹਿਗਲ ਨੇ ਇਲਾਕੇ ਵਿਚ ਵਧੇਰੇ ਵਿਕਾਸ ਦੇ ਕੰਮ ਕਰਾਏ ਹਨ ਅਤੇ ਅਜੇ ਵੀ ਚੱਲ ਰਹੇ ਹਨ। ਉਨ੍ਹਾਂ ਨੇ ਹੁਣ ਤੱਕ ਦੇ ਵਿਕਾਸ ਕੰਮਾਂ 'ਤੇ ਤਸੱਲੀ ਪਰਗਟ ਕੀਤੀ ਹੈ।

ਇਸੇ ਤਰ੍ਹਾਂ ਹੀ ਪ੍ਰਤਾਪ ਬਾਗ਼ ਦੇ ਨਾਲ ਲਗਦੇ ਇਲਾਕੇ 'ਚ ਰਹਿੰਦੇ ਟਿੰਕੂ ਸੋਨੀ ਦਾ ਕਹਿਣਾ ਹੈ ਕਿ ਇਸ ਇਲਾਕੇ ਵਿਚ ਠੇਕੇਦਾਰ ਨੇ ਚੰਗੀ ਭਲੀ ਗਲੀ ਬਣੀ ਹੋਈ ਸੀ ਅਤੇ ਉਸ ਨੂੰ ਪੁੱਟ ਕੇ ਦੁਬਾਰਾ ਬਣਾਉਣ ਲਈ ਜਿਹੜਾ ਠੇਕਾ ਲਿਆ ਸੀ, ਗਲੀ ਦੀ ਪਹਿਲਾਂ ਨਾਲੋਂ ਵੀ ਹਾਲਤ ਬਦਤਰ ਕਰ ਦਿੱਤੀ ਹੈ ਜਿਹੜੀ ਕਿ ਅਜੇ ਵੀ ਠੀਕ ਨਹੀਂ ਹੋਈ। ਕੋਈ ਵੀ ਕੰਮ ਤਸੱਲੀ ਬਖ਼ਸ਼ ਨਹੀਂ ਹੋਇਆ।

ਇਸੇ ਤਰ੍ਹਾਂ ਹੀ ਇਲਾਕਾ ਨਿਵਾਸੀ ਮਹਿੰਦਰ ਦਾ ਕਹਿਣਾ ਹੈ ਕਿ ਪਿਛਲੇ ਪੌਣੇ 5 ਸਾਲ ਦੌਰਾਨ ਇਲਾਕੇ ਦੀ ਸੀਵਰੇਜ ਦੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੋ ਸਕਿਆ ਤੇ ਇਲਾਕਾ ਕੌਂਸਲਰ ਜੋ ਕਿ ਸੱਤਾਧਾਰੀ ਪਾਰਟੀ ਨਾਲ ਸੰਬੰਧਿਤ ਹੈ, ਨੇ ਇਸ ਸਮੱਸਿਆ ਦੇ ਹੱਲ ਲਈ ਪੌਣੇ 5 ਸਾਲ ਦਾ ਸਮਾਂ ਗੁਜ਼ਾਰ ਦਿੱਤਾ ਪਰ ਸਮੱਸਿਆ ਉੱਥੇ ਦੀ ਉੱਥੇ ਹੈ।

ਇਸ ਤੋਂ ਇਲਾਵਾ ਸੁਸ਼ੀਲ ਦਾ ਕਹਿਣਾ ਹੈ ਕਿ 5 ਸਾਲ ਦਾ ਸਮਾਂ ਹੋਣ ਜਾ ਰਿਹਾ ਹੈ, ਪਰ ਮੌਜੂਦਾ ਕੌਂਸਲਰ ਸੀਵਰੇਜ ਤੇ ਪਾਣੀ ਦੇ ਪਾਈਪ ਨਹੀਂ ਬਦਲਵਾ ਸਕੀ ਜਿਸ ਕਾਰਨ ਕਈ ਵਾਰ ਪੀਣ ਦੇ ਪਾਣੀ ਵਿਚ ਸੀਵਰ ਦਾ ਪਾਣੀ ਮਿਕਸ ਹੋ ਕੇ ਆ ਜਾਂਦਾ ਹੈ। ਜੇ ਇਲਾਕੇ ਦੇ ਸੀਵਰ ਤੇ ਪਾਣੀ ਦੇ ਪਾਈਪ ਬਦਲੇ ਜਾਣ ਤਾਂ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ।

ਕੈਂਬਰਿਜ ਦੇ ਵਿਦਿਆਰਥੀਆਂ ਦਾ ਆਈ. ਜੀ. ਐੱਸ. ਈ. 'ਚ ਸ਼ਾਨਦਾਰ ਪ੍ਰਦਰਸ਼ਨ

ਜਲੰਧਰ, 20 ਮਈ (ਰਣਜੀਤ ਸਿੰਘ ਸੋਢੀ)-ਕੈਂਬਰਿਜ ਫਾਊਂਡੇਸ਼ਨ ਸਕੂਲ 'ਚ ਕੈਂਬਰਿਜ ਦੇ 12 ਵਿਦਿਆਰਥੀਆਂ ਨੇ ਆਈ.ਜੀ .ਸੀ .ਐੱਸ .ਈ (ਇੰਟਰਨੈਸ਼ਨਲ ਜਰਨਲ ਸਰਟੀਫਿਕੇਟ ਆਫ਼ ਸਕੈਂਡਰੀ ਐਜੂਕੇਸ਼ਨ) ਦੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਜਿਸ 'ਚ ਸਾਰੇ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ ਏ+ ਤੇ ਏ ਗਰੇਡ ਪ੍ਰਾਪਤ ਕੀਤੇ। ਕੈਂਬਰਿਜ ਯੂਨੀਵਰਸਿਟੀ ਯੂ. ਕੇ ਵੱਲੋਂ ਨੌਵੀਂ ਕਲਾਸ ਦੇ ਵਿਦਿਆਰਥੀਆਂ ਦੀ ਇਹ ਪ੍ਰੀਖਿਆ ਲਈ ਗਈ ਸੀ। ਸਕੂਲ ਦਾ ਮੰਤਵ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਦਾ ਸਰਵਪੱਖੀ ਗਿਆਨ ਦੇਣ ਦੇ ਨਾਲ ਉਚੇਰੀ ਸਿੱਖਿਆ ਲਈ ਵਿਦੇਸ਼ੀ ਯੂਨੀਵਰਸਿਟੀਆਂ ਤੇ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਪ੍ਰਦਾਨ ਕਰਨਾ ਹੈ। ਸੀ.ਈ.ਓ.ਲਰਨਿੰਗ ਵਿੰਗਜ਼ ਐਜੂਕੇਸ਼ਨ ਸਿਸਟਮ ਅਕੈਡਮਿਕ ਡਾਇਰੈਕਟਰ ਦੀਪਾ ਡੋਗਰਾ ਨੇ ਬੱਚਿਆਂ ਦੀ ਭਰਪੂਰ ਸ਼ਲਾਘਾ ਕੀਤੀ। ਕੈਂਬਰਿਜ ਫਾਊਂਡੇਸ਼ਨ ਸਕੂਲ ਦੇ ਪ੍ਰਿੰਸੀਪਲ ਸਟੈਨਲੇ ਐਨਥਨੀ ਵੱਲੋਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਗਿਆ ਤੇ ਭਵਿੱਖ 'ਚ ਆਪਣੀ ਜ਼ਿੰਮੇਵਾਰੀ ਨੂੰ ਵਧੀਆ ਢੰਗ ਨਾਲ ਨਿਭਾਉਣ ਵਾਸਤੇ ਸ਼ੁੱਭਕਾਮਨਾਵਾਂ ਦਿੱਤੀਆਂ।

ਡਿਗਰੀਆਂ ਪ੍ਰਾਪਤ ਕਰਨ ਉਪਰੰਤ ਵਿਦਿਆਰਥੀ ਖ਼ੁਸ਼ੀ ਭਰੇ ਰੌਂਅ 'ਚ।

ਕੇ. ਸੀ. ਐਲ-ਆਈ. ਐਮ. ਟੀ ਵਿਖੇ ਸਾਲਾਨਾ ਕਨਵੋਕੇਸ਼ਨ

ਜਲੰਧਰ, 20 ਮਈ (ਰਣਜੀਤ ਸਿੰਘ ਸੋਢੀ)-ਕੇ. ਸੀ. ਐਲ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਸਾਲਾਨਾ ਕਨਵੋਕੇਸ਼ਨ ਕਰਵਾਈ ਗਈ। ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਡਾ. ਲਲਿਤ ਕੁਮਾਰ ਅਵਸਥੀ ਡਾਇਰੈਕਟਰ ਐਨ.

> 300 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ

ਆਈ. ਟੀ. ਜਲੰਧਰ ਨੇ ਸ਼ਿਰਕਤ ਕੀਤੀ। ਡਾ. ਐੱਸ. ਕੇ. ਸੂਦ ਡਾਇਰੈਕਟਰ ਕੇ. ਸੀ. ਐਲ-ਆਈ. ਐਮ. ਟੀ,ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਤੇ ਮੈਂਬਰਾਂ ਨੇ ਮੁੱਖ ਮਹਿਮਾਨ ਦਾ ਨਿੱਘਾ ਸਵਾਗਤ ਕੀਤਾ। ਡਾ. ਐੱਸ. ਕੇ. ਸੂਦ ਨੇ ਸਾਲਾਨਾ ਦੀ ਰਿਪੋਰਟ ਪੜ੍ਹੀ। ਇਸ ਮੌਕੇ 300 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਡਾ. ਲਲਿਤ ਕੁਮਾਰ ਅਵਸਥੀ ਨੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦੇਸ਼ ਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖ਼ਾਲਸਾ ਕਾਲਜ ਲਾਇਲਪੁਰ ਐਜੂਕੇਸ਼ਨ ਚੈਰੀਟੇਬਲ ਟਰੱਸਟ ਦਾ ਸਿੱਖਿਆ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹੈ ਜੋ ਸਰਦਾਰਨੀ ਬਲਬੀਰ ਕੌਰ ਦੇ ਮਾਰਗ ਦਰਸ਼ਨ 'ਚ ਟਰੱਸਟ ਵੱਲੋਂ ਪਿਛਲੇ 100 ਸਾਲਾਂ ਤੋਂ ਵੱਧ ਸਮੇਂ ਤੋਂ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਅੰਤ 'ਚ ਡਾ. ਸੰਜੇ ਭਾਰਗਵ ਡੀਨ ਕੰਪਿਊਟਰ ਸਾਇੰਸ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰਦਾਰਨੀ ਉਰਮਿਲ ਕੌਰ ਸਕੱਤਰ, ਜਸਪਾਲ ਸਿੰਘ ਵੜੈਚ ਸੰਯੁਕਤ ਸਕੱਤਰ, ਸੁਖਬੀਰ ਸਿੰਘ ਚੱਠਾ ਡਾਇਰੈਕਟਰ ਅਕਾਦਮਿਕ, ਡਾ. ਵਾਈ. ਐੱਸ. ਰੰਧਾਵਾ ਡਾਇਰੈਕਟਰ ਐਲ. ਕੇ. ਸੀ. ਈ, ਪ੍ਰਿੰਸੀਪਲ ਡਾ. ਨਵਜੋਤ , ਵਾਇਸ ਪ੍ਰਿੰਸੀਪਲ ਪ੍ਰੋਫੈਸਰ ਜੀ. ਕੇ. ਜੈਨ, ਪ੍ਰੋਫੈਸਰ ਜੁਝਾਰ ਸਿੰਘ, ਪ੍ਰੋਫੈਸਰ ਰਮਨਦੀਪ ਦਿਉਲ ਪ੍ਰੋਫੈਸਰ ਕਮਲ ਨੈਨ ਸ਼ਰਮਾ ਅਤੇ ਡਾ. ਇੰਦਰਪਾਲ ਸਿੰਘ ਡੀਨ ਖੋਜ ਆਦਿ ਮੌਜੂਦ ਸਨ।

ਕਨਵੋਕੇਸ਼ਨ ਮੌਕੇ ਡਾ. ਲਲਿਤ ਕੁਮਾਰ, ਗਵਰਨਿੰਗ ਕੌਂਸਲ ਦੀ ਪ੍ਰਧਾਨ ਬਲਬੀਰ ਕੌਰ, ਸੁਖਬੀਰ ਸਿੰਘ ਚੱਠਾ ਤੇ ਹੋਰ ਵਿਦਿਆਰਥਣ ਨੂੰ ਡਿਗਰੀ ਪ੍ਰਦਾਨ ਕਰਦੇ ਹੋਏ। ਤਸਵੀਰਾਂ-ਜੀ. ਪੀ. ਸਿੰਘ

ਮੈਹਰੜੇ ਗੋਤ ਜਠੇਰਿਆਂ ਦਾ ਮੇਲਾ 23 ਨੂੰ

ਕਿਸ਼ਨਗੜ੍ਹ, 20 ਮਈ (ਲਖਵਿੰਦਰ ਸਿੰਘ ਲੱਕੀ)-ਮੈਹਰੜੇ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ 23 ਮਈ ਦਿਨ ਸੋਮਵਾਰ ਨੂੰ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ 21 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕਰ ਕੇ 23 ਮਈ ਨੂੰ ਭੋਗ ਪਾਏ ਜਾਣ ਉਪਰੰਤ ਰਾਗੀ ਸਿੰਘਾਂ ਵੱਲੋਂ ਕਥਾ ਕੀਰਤਨ ਕਰ ਕੇ ਸੰਗਤ ਨੂੰ ਗੁਰੂ ਜਸ ਸਰਵਣ ਕਰਵਾਇਆ ਜਾਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

ਨਹਿਰ ਵਿਚ ਚੱਲ ਰਿਹਾ ਸਫ਼ਾਈ ਦਾ ਕੰਮ। ਤਸਵੀਰ: ਮੁਨੀਸ਼

ਰਿੰਕੂ ਨੇ ਨਹਿਰ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾਇਆ

ਜਲੰਧਰ, 20 ਮਈ (ਸ਼ਿਵ)-ਬਸਤੀ ਬਾਵਾ ਖੇਲ੍ਹ ਕੋਲ ਲੰਘਦੀ ਨਹਿਰ ਵਿਚ ਵਿਧਾਇਕ ਸੁਸ਼ੀਲ ਰਿੰਕੂ ਨੇ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ। ਰਿੰਕੂ ਨੇ ਦੱਸਿਆ ਕਿ ਸਾਢੇ 9 ਕਿੱਲੋਮੀਟਰ ਦੇ ਕਰੀਬ ਨਹਿਰ ਦਾ ਜ਼ਿਆਦਾਤਰ ਹਿੱਸਾ ਸ਼ਹਿਰੀ ਆਬਾਦੀ ਵਿਚੋਂ ਲੰਘਦਾ ਹੈ ਤੇ ਸ਼ਹਿਰੀ ਹਿੱਸੇ ਵਾਲੀ ਨਹਿਰ ਵਿਚ ਕਾਫ਼ੀ ਗੰਦਗੀ ਸੀ। ਸਫ਼ਾਈ ਦਾ ਕੰਮ ਕਰਵਾਉਣ ਲਈ ਨਰੇਗਾ ਸਕੀਮ ਅਧੀਨ ਅਨੁਮਾਨ ਤਿਆਰ ਕਰਕੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ। ਐਨ. ਜੀ. ਓ. ਗਰੁੱਪ ਵਿਚ ਅਮਿਤ ਸ਼ਰਮਾ ਤੋਂ ਇਲਾਵਾ ਹਰਜਿੰਦਰ ਪਾਲ ਸਿੰਘ, ਕਾਰਜਕਾਰੀ ਇੰਜੀਨੀਅਰ, ਬਿਸਤ ਦੁਆਬ ਮੰਡਲ ਜਲੰਧਰ, ਵਿਜੇ ਕੁਮਾਰ ਬਾਂਸਲ ਉਪ ਮੰਡਲ ਅਫ਼ਸਰ ਜਲੰਧਰ ਮੌਕੇ 'ਤੇ ਹਾਜ਼ਰ ਸਨ। ਖੁੱਲਰ ਨੇ ਕਿਹਾ ਕਿ ਮੈਂ ਕਰਵਾਈ ਸਫ਼ਾਈ-ਉਧਰ ਭਾਜਪਾ ਦੇ ਆਗੂ ਪ੍ਰਦੀਪ ਖੁੱਲਰ ਨੇ ਕਿਹਾ ਕਿ ਵਿਧਾਇਕ ਹੁਣ ਨਹਿਰ ਦੇ ਕੋਲ ਤਸਵੀਰਾਂ ਖਿਚਵਾ ਕੇ ਸਫ਼ਾਈ ਕਰਵਾਉਣ ਦਾ ਦਾਅਵਾ ਕਰ ਰਹੇ ਹਨ ਜਦਕਿ ਉਨਾਂ ਨੇ ਆਪ ਸਫ਼ਾਈ ਕਰਵਾਉਣ ਦਾ ਕੰਮ ਕਰਵਾਇਆ ਹੈ ਪਰ ਇੱਥੇ ਗੰਦਗੀ ਵਾਰ-ਵਾਰ ਸੁੱਟੀ ਜਾਂਦੀ ਰਹੀ ਹੈ।

ਵਿਧਾਇਕ ਰਿੰਕੂ ਇਲਾਕੇ ਦੇ ਵਿਕਾਸ ਵੱਲ ਧਿਆਨ ਦੇਣ-ਪ੍ਰੀਤਮ ਸਿੰਘ

ਜਲੰਧਰ, 20 ਮਈ (ਮਦਨ ਭਾਰਦਵਾਜ)- ਕੌਂਸਲਰ ਪ੍ਰੀਤਮ ਸਿੰਘ ਨੇ ਵਿਧਾਇਕ ਰਿੰਕੂ ਨੂੰ ਕਿਹਾ ਹੈ ਕਿ ਉਹ ਨਹਿਰ ਦੀ ਸਫ਼ਾਈ ਦਾ ਡਰਾਮਾ ਨਾ ਕਰਕੇ ਇਲਾਕੇ ਦੇ ਵਿਕਾਸ ਕੰਮਾਂ ਵੱਲ ਧਿਆਨ ਦੇਣ। ਇੱਥੇ ਜਾਰੀ ਇਕ ਬਿਆਨ ਵਿਚ ਉਕਤ ਦੋਸ਼ ਲਾਉਂਦੇ ਹੋਏ ਵਾਰਡ ਨੰ: 43 ਦੇ ਅਕਾਲੀ ਦਲ ਦੇ ਕੌਂਸਲਰ ਜਥੇਦਾਰ ਪ੍ਰੀਤਮ ਸਿੰਘ ਨੇ ਕਿਹਾ ਹੈ ਕਿ ਵਿਧਾਇਕ ਰਿੰਕੂ ਨੇ ਨਹਿਰ ਦੀ ਸਫ਼ਾਈ ਦੇ ਨਾਮ 'ਤੇ ਦਿਹਾੜੀਦਾਰ ਔਰਤਾਂ ਲਗਾ ਕੇ ਜਿਹੜੀ ਗੰਦਗੀ ਬਾਹਰ ਕੱਢੀ ਹੈ ਤੇ ਉਨ੍ਹਾਂ ਨੂੰ ਲਿਫ਼ਾਫ਼ਿਆਂ ਵਿਚ ਪਾ ਕੇ ਬਾਹਰ ਰੱਖ ਦਿੱਤਾ ਹੈ, ਉਸ ਨਾਲ ਇਲਾਕੇ ਵਿਚ ਪ੍ਰਦੂਸ਼ਣ ਦੀ ਸਮੱਸਿਆ ਪੈਦਾ ਹੋ ਗਈ ਹੈ ਅਤੇ ਇਸ ਨਾਲ ਆਸ ਪਾਸ ਦੀਆਂ ਕਲੋਨੀਆਂ ਦੇ ਲੋਕਾਂ ਨੂੰ ਸਾਹ ਲੈਣਾ ਔਖਾ ਹੋ ਗਿਆ ਹੈ। ਉਨ੍ਹਾਂ ਨੇ ਵਿਧਾਇਕ ਰਿੰਕੂ ਨੂੰ ਅਪੀਲ ਕੀਤੀ ਹੈ ਕਿ ਜੇ ਉਨ੍ਹਾਂ ਨੂੰ ਕੰਮ ਕਰਨ ਦਾ ਸ਼ੌਕ ਹੈ ਤਾਂ ਉਹ ਬਿਸਤ ਦੁਆਬ ਨਹਿਰ ਦੇ ਪੱਕਾ ਕਰਨ ਦਾ ਜਿਹੜਾ 10 ਫੀਸਦੀ ਕੰਮ ਰਹਿੰਦਾ ਹੈ ਅਤੇ ਤੁਹਾਡੀ ਸਰਕਾਰ ਆਉਂਦੇ ਹੀ ਉਸ ਨੂੰ ਬੰਦ ਕਰਾ ਦਿੱਤਾ ਹੈ, ਨੂੰ ਚਾਲੂ ਕਰਾ ਕੇ ਪੂਰਾ ਕਰਾਇਆ ਜਾਏ। ਇਸ ਦੌਰਾਨ ਵਿਧਾਇਕ ਸੁਸ਼ੀਲ ਰਿੰਕੂ ਨਾਲ ਮੋਬਾਈਲ 'ਤੇ ਸੰਪਰਕ ਕਰਨ ਦਾ ਯਤਨ ਕੀਤਾ ਗਿਆ ਪਰ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

ਜਥੇਦਾਰ ਪ੍ਰੀਤਮ ਸਿੰਘ

ਮੱਛੀ ਮਾਰਕੀਟ ਲਾਗੇ ਸੀਵਰ ਪੈਣ ਦੇ ਕੰਮ ਬਾਰੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਸੁਸ਼ੀਲ ਰਿੰਕੂ ਤੇ ਹੋਰ। ਤਸਵੀਰ: ਮੁਨੀਸ਼

ਮੱਛੀ ਮਾਰਕੀਟ ਵਿਚ ਸੀਵਰ ਦਾ ਕੰਮ ਤੇਜ਼ੀ ਨਾਲ ਪੂਰਾ ਕਰਨ ਦੀ ਹਦਾਇਤ

ਜਲੰਧਰ, 20 ਮਈ (ਸ਼ਿਵ)-ਕਪੂਰਥਲਾ ਰੋਡ ਮੱਛੀ ਮਾਰਕੀਟ ਦਾ ਦੌਰਾ ਕਰਕੇ ਵਿਧਾਇਕ ਸੁਸ਼ੀਲ ਰਿੰਕੂ ਨੇ ਚੱਲ ਰਹੇ ਸੀਵਰ ਦੇ ਕੰਮ ਨੂੰ ਜਲਦੀ ਪੂਰਾ ਕਰਨ ਲਈ ਕਿਹਾ ਹੈ। ਉਨਾਂ ਨੇ ਸੀਵਰੇਜ ਬੋਰਡ ਦੇ ਸੱਦੇ ਗਏ ਅਧਿਕਾਰੀਆਂ ਤੋਂ ਕੰਮ ਦੀ ਜਾਣਕਾਰੀ ਲੈਣ ਤੋਂ ਬਾਅਦ ਕਿਹਾ ਕਿ ਕੰਮ ਪੂਰਾ ਕਰਕੇ ਸੜਕ ਦਾ ਕੰਮ ਜਲਦੀ ਕੀਤਾ ਜਾਣਾ ਹੈ। ਇਸ

> ਰਿੰਕੂ ਨੇ ਕੀਤਾ ਸੀ ਇਲਾਕੇ ਦਾ ਦੌਰਾ

ਸੜਕ 'ਤੇ 16 ਇੰਚ ਪਾਈਪ ਦਾ ਸੀਵਰੇਜ ਪਾਇਆ ਜਾ ਰਿਹਾ ਹੈ ਜਿਸ ਦੀ ਮੰਗ ਕਾਫ਼ੀ ਦੇਰ ਤੋਂ ਲੋਕਾਂ ਵੱਲੋਂ ਕੀਤੀ ਜਾ ਰਹੀ ਸੀ। ਵਿਧਾਇਕ ਰਿੰਕੂ ਨੇ ਨਹਿਰੀ ਵਿਭਾਗ ਦੇ ਅਧਿਕਾਰੀ ਯੋਗ ਤੇ ਪੁਲਿਸ ਅਧਿਕਾਰੀਆਂ ਨੂੰ ਮੌਕੇ 'ਤੇ ਕਿਹਾ ਕਿ ਜੇਕਰ ਕੋਈ ਨਾਜਾਇਜ਼ ਕਬਜ਼ਾ ਕਰਕੇ ਨਹਿਰ ਵਿਚ ਗੰਦਗੀ ਸੁੱਟਦੇ ਹਨ, ਉਨਾਂ 'ਤੇ ਸਖ਼ਤ ਕਾਨੂੰਨੀ